Khalsa School Calgary

ਖਾਲਸਾ ਸਕੂਲ ਕੈਲਗਰੀ

245228 Conrich RD, Conrich, AB, T1Z 0N8

Phone: 403-293-7712 Fax: 403-293-2245

ਵਾਹਿਗੁਰੂ ਜੀ ਕਾ ਖ਼ਾਲਸਾ।
ਵਾਹਿਗੁਰੂ ਜੀ ਕੀ ਫ਼ਤਹਿ।।

ਅਸੀਂ ਖ਼ਾਲਸਾ ਸਕੂਲ ਵੱਲੋਂ ਸਾਰੇ ਮਾਪਿਆਂ ਅਤੇ ਬੱਚਿਆਂ ਦਾ ਇਸ ਨਵੇਂ ਵਿਦਿਅਕ ਵਰ੍ਹੇ ਵਿੱਚ ਸਵਾਗਤ ਕਰਦੇ ਹਾਂ। ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਸਦਕਾ 2026-2027 ਵਿੱਚ ਅਸੀਂ ਖ਼ਾਲਸਾ ਸਕੂਲ ਦੇ ਵੀਹਵੇਂ ਵਰ੍ਹੇ ਦੀ ਸ਼ੁਰੂਆਤ ਕਰਨ ਜਾ ਰਹੇ ਹਾਂ। ਹਮੇਸ਼ਾਂ ਦੀ ਤਰ੍ਹਾਂ ਅਧਿਆਪਕ ਸਕੂਲ ਦੀ ਜਿੰਮ ਵਿੱਚ ਇਕੱਠੇ ਹੋਏ ਅਤੇ ਅਰਦਾਸ ਬੇਨਤੀ ਨਾਲ ਇਸ ਵਿਦਿਅਕ ਵਰ੍ਹੇ ਦੀ ਸਰੂਆਤ ਕੀਤੀ। ਅਸੀਂ ਵਾਹਿਗੁਰੂ ਜੀ ਦਾ ਚੰਗੀ ਸ਼ੁਰੂਆਤ ਲਈ ਬਹੁਤ-ਬਹੁਤ ਸ਼ੁਕਰਾਨਾ ਕਰਦੇ ਹਾਂ।

<u>ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸੰਪੂਰਨਤਾ ਦਿਵਸ</u>

ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲੇ ਸੰਪੂਰਨਤਾ ਦਿਵਸ ਸੰਸਾਰ ਭਰ ਵਿੱਚ ਵਸਦੀਆਂ ਸਿੱਖ-ਸੰਗਤਾਂ ਵਲੋਂ 30 ਅਗਸਤ ਨੂੰ ਮਨਾਏ ਗਏ ਹਨ। ਖ਼ਾਲਸਾ ਸਕੂਲ ਦੇ ਸਮੂਹ ਸਟਾਫ਼ ਵੱਲੋਂ ਸਾਰੇ ਮਾਪਿਆਂ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਸੰਪੂਰਨਤਾ ਦਿਵਸ ਦੀਆਂ ਬਹੁਤ-ਬਹੁਤ ਵਧਾਈਆਂ ਹੋਵਣ। ਗੁਰਮਤ ਕਲਾਸਾਂ ਵਿੱਚ ਕਿੰਡਰਗਾਰਟਨ ਤੋਂ ਨੌਵੀਂ ਗਰੇਡ ਦੇ ਬੱਚੇ ਮੁਢੱਲੀ ਗੁਰਮਤ ਸਿੱਖਿਆ ਦਾ ਅਭਿਆਸ ਕਰਨਗੇ।

<u>ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਜੀ ਸਾਹਿਬ ਜੀ ਦੇ ਪ੍ਰਕਾਸ਼ ਪੁਰਬ</u>

ਸਤੰਬਰ ਮਹੀਨੇ ਵਿੱਚ ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਤੇ ਖ਼ਾਲਸਾ ਸਕੂਲ ਦੇ ਵਿਦਿਆਰਥੀ ਗੁਰੂ ਸਾਹਿਬ ਦੇ ਜੀਵਨ, ਸਿਖਿਆਵਾਂ ਅਤੇ ਸਿੱਖ ਧਰਮ ਵਿੱਚ ਯੋਗਦਾਨ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ।